ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਦੀ ਪ੍ਰਧਾਨਗੀ ਹੇਠ ਮਿਤੀ 8 ਦਸੰਬਰ 2012 ਨੂੰ ਮੰਡਲ ਸਿੱਖਿਆ ਅਫਸਰ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਨਾਲ ਹੋਈ ਮਹੀਨਾਵਾਰ ਰੀਵਿਊ ਮੀਟਿੰਗ ਦੀ ਕਾਰਵਾਈ ਸਬੰਧੀ ।

1.0 **ਸਜ਼ਾ ਯਾਫਤਾ ਕਰਮਚਾਰੀਆਂ ਸੰਬੰਧੀ ਲੋੜੀਂਦੀ ਕਾਰਵਾਈ ਕਰਨ ਸੰਬੰਧੀ।**

ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਜੇਕਰ ਆਪ ਦੇ ਅਧੀਨ ਖੇਤਰ ਵਿੱਚ ਕੋਈ ਸਜਾਂ ਯਾਫਤਾ ਮੁਲਾਜ਼ਮ ਵਿਭਾਗ ਵਿੱਚ ਨੌਕਰੀ ਕਰ ਰਿਹਾ ਹੈ ਤਾਂ ਹਦਾਇਤਾਂ ਅਨੁਸਾਰ ਅਜਿਹੇ ਮੁਲਾਜਮਾਂ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਦੀ ਜਾਵੇ ਅਤੇ ਇਨ੍ਹਾਂ ਬਾਰੇ ਜਾਣਕਾਰੀ ਤੁਰੰਤ ਮੁੱਖ ਦਫ਼ਤਰ ਨੂੰ ਦਿੱਤੀ ਜਾਵੇ।ਇਸ ਸਬੰਧੀ ਦਫਤਰ ਵੱਲੋ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ।

2.0 **ਸਿੱਖਿਆ ਵਿਭਾਗ ਦੇ ਮੁਲਾਜਮਾਂ ਵੱਲੋਂ ਹੋਰ ਵਿਭਾਗਾ ਵਿੱਚ ਕੰਮ ਕਰਨ ਸਬੰਧੀ।**

ਅਜੇ ਵੀ ਸਿੱਖਿਆ ਵਿਭਾਗ ਦੇ ਕਈ ਮੁਲਾਜਮ ਹੋਰ ਵਿਭਾਗਾ ਵਿੱਚ ਸਕੂਲ ਸਮੇਂ ਦੌਰਾਨ ਕੰਮ ਕਰ ਰਹੇ ਹਨ, ਜਿਸ ਬਾਰੇ ਸੂਚਨਾਂ ਇਸ ਦਫਤਰ ਨੂੰ ਆਮ ਜਨਤਾ ਤੋਂ ਪ੍ਰਾਪਤ ਹੁੰਦੀ ਹੈ। ਇਸ ਸਬੰਧੀ ਮੀਟਿੰਗ ਦੌਰਾਨ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਜੇਕਰ ਆਪ ਦੇ ਅਧੀਨ ਕੋਈ ਵੀ ਮੁਲਾਜ਼ਮ ਸਕੂਲ ਸਮੇਂ ਦੌਰਾਨ ਕਿਸੇ ਹੋਰ ਵਿਭਾਗ ਵਿੱਚ ਡਿਊਟੀ ਦੇ ਕੰਮ ਕਰਦਾ ਪਾਇਆ ਜਾਂਦਾ ਹੈ ਤਾਂ ਸਬੰਧਤ ਕਰਮਚਾਰੀ ਦੇ ਨਾਲ-ਨਾਲ ਸਬੰਧਤ ਅਧਿਕਾਰੀ ਖਿਲਾਫ ਵੀ ਕਾਰਵਾਈ ਤੋ ਗੁਰੇਜ ਨਹੀ ਕੀਤੀ ਜਾਵੇਗਾ, ਇਸ ਲਈ ਅਜਿਹੇ ਮੁਲਾਜਮਾਂ ਸਬੰਧੀ ਜਾਣਕਾਰੀ ਤੂਰੰਤ ਮੁੱਖ ਦਫਤਰ ਨੂੰ ਈ-ਮੇਲ ਰਾਹੀ **dgsepunjab18@gmail.com** ਤੇ ਭੇਜੀ ਜਾਵੇ।

3.0 **ਬੀ.ਆਰ.ਪੀ. ਸਬੰਧੀ।**

ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨਾਲ ਵਿਚਾਰ ਕੀਤਾ ਗਿਆ ਕਿ ਜਿਹੜੇ ਮੈਥ, ਸਾਇੰਸ, ਅੰਗਰੇਜੀ ਅਤੇ ਐਸ.ਐਸ ਦੇ ਅਧਿਆਪਕ ਬਤੌਰ ਬੀ.ਆਰ.ਪੀ ਕੰਮ ਕਰ ਰਹੇ ਹਨ, ਉਹਨ੍ਹਾਂ ਨੂੰ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦੇ ਹੋ ਰਹੇ ਨੁਕਸਾਨ ਦੇ ਮੱਦੇਨਜ਼ਰ ਸਕੂਲਾਂ ਵਿੱਚ ਵਾਪਸ ਭੇਜਣ ਸਬੰਧੀ ਵਿਚਾਰ ਵਟਾਦਰਾ ਕੀਤਾ ਗਿਆ, ਜਿਸ ਸਬੰਧੀ ਜਿਲ੍ਹਾ ਸਿੱਖਿਆ ਅਫਸਰਾਂ ਵੱਲੋ ਹਾਂ ਪੱਖੀ ਜਵਾਬ ਦਿੱਤਾ ਗਿਆ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਇਸ ਸਬੰਧੀ ਹਦਾਇਤਾਂ ਮੁੱਖ ਦਫਤਰ ਵੱਲੋ ਜਲਦ ਹੀ ਜਾਰੀ ਕੀਤੀਆਂ ਜਾਣਗੀਆਂ।

4.0 **Rationalization of Blocks**

ਮੀਟਿੰਗ ਵਿੱਚ ਕਿਹਾ ਗਿਆ ਕਿ ਜਿਹੜੇ ਜਿਲ੍ਹਿਆਂ ਵੱਲੋਂ ਬਲਾਕਾ ਨੂੰ Rationalize ਕਰਨ ਸਬੰਧੀ ਤਜਵੀਜ਼ ਹਾਲੇ ਤੱਕ ਮੁੱਖ ਦਫਤਰ ਨੂੰ ਨਹੀ ਭੇਜੀ ਗਈ, ਉਹ ਤੁਰੰਤ ਤਜਵੀਜ਼ਾਂ ਤਿਆਰ ਕਰਕੇ ਮੁੱਖ ਦਫਤਰ ਨੂੰ ਭੇਜਣ ਤਾਂ ਜੋ ਇਨ੍ਹਾਂ ਬਲਾਕਾ ਨੂੰ ਰੈਸ਼ਨੇਲਾਈਜ਼ ਕਰਨ ਸਬੰਧੀ ਤਜਵੀਜ਼ ਸਰਕਾਰ ਨੂੰ ਭੇਜੀ ਜਾ ਸਕੇ।

5.0 **ਸਕੂਲਾਂ ਵਿੱਚ ਸਕੂਲ ਭਲਾਈ ਫੰਡ ਖੋਲਣ ਸਬੰਧੀ**

ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ ਇਹ ਯਕੀਨੀ ਬਨਾਉਣ ਕਿ ਸਾਰੇ ਸਕੂਲਾਂ ਵਿੱਚ ਸਕੂਲ ਭਲਾਈ ਫੰਡ ਸਥਾਪਿਤ ਕੀਤੇ ਜਾ ਚੁਕੇ ਹਨ।

6.0 **'ਪ੍ਰਵੇਸ਼' ਪ੍ਰੋਗਰਾਮ ਸਬੰਧੀ।**

ਪ੍ਰਵੇਸ਼ ਪ੍ਰੋਜੈਕਟ ਸਬੰਧੀ ਵਿਚਾਰ ਕੀਤਾ ਗਿਆ ਕਿ ਇਹ ਪ੍ਰੋਜੈਕਟ ਮਿਤੀ 21.09.2012 ਨੂੰ ਸਥਾਪਿਤ ਕੀਤਾ ਗਿਆ ਸੀ, ਇਸ ਪ੍ਰੋਜੈਕਟ ਅਧੀਨ ਟ੍ਰੇਨਿੰਗਾਂ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ

ਅਤੇ ਮੀਟਿੰਗ ਦੌਰਾਨ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਨੂੰ ਕਿਹਾ ਗਿਆ ਕਿ ਮਿਤੀ 17.12.2012 ਤੋਂ ਮਿਤੀ 20.12.2012 ਤੱਕ ਹੋਣ ਵਾਲੇ ਬੇਸ ਲਾਈਨ ਟੈਸਟ ਸਬੰਧੀ ਨਿਜੀ ਤੌਰ ਤੇ ਧਿਆਨ ਦੇਣ।

**7.0 ਸਕੂਲਾਂ ਅੰਦਰ ਮੈਗਜ਼ੀਨ ਕੱਢਣ ਸਬੰਧੀ।**

ਮੀਟਿੰਗ ਦੌਰਾਨ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ ਇਹ ਯਕੀਨੀ ਬਣਾਉਣ ਕਿ ਮਿਤੀ 31.12.2012 ਤੱਕ ਹਰ ਸਕੂਲ ਵੱਲੋ ਸਕੂਲ ਮੈਗਜ਼ੀਨ ਕੱਢੀ ਜਾਵੇ ਅਤੇ ਇਹ ਮੈਗਜ਼ੀਨਾਂ ਕੱਢਣ ਦਾ ਸਿਲਸਿਲਾ ਹਰ ਤਿਮਾਹੀ ਜਾਰੀ ਰਹੇ ਤਾਂ ਜੋ ਵਿਦਿਆਰਥੀਆਂ ਦੀ ਸਭਿਆਚਰਕ ਪ੍ਰਤਿਭਾ ਨੂੰ ਹੁਲਾਰਾ ਮਿਲ ਸਕੇ।

**8.0 ਸਕੂਲਾਂ ਵਿੱਚ ਮੁਲਾਜਮਾਂ ਵੱਲੋਂ ਸਭਿਅਕ ਕਪੜੇ ਪਾਉਣ ਸਬੰਧੀ।**

ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ ਇਹ ਧਿਆਨ ਦੇਣ ਕਿ ਸਕੂਲ ਸਮੇਂ ਦੌਰਾਨ ਸਕੂਲ ਅਧਿਆਪਕ / ਕਰਮਚਾਰੀਆਂ ਵੱਲੋਂ ਸਭਿਅਕ ਪਹਿਰਾਵਾ ਹੀ ਪਾਇਆ ਹੋਵੇ ਤਾਂ ਜੋ ਵਿਦਿਆਰਥੀਆਂ ਤੇ ਪ੍ਰਤੀਕੂਲ ਪ੍ਰਭਾਵ ਨਾ ਪਵੇ।

**9.0 ਸਰਕਾਰੀ ਸਕੂਲਾਂ ਦੀ ਨਵੀਂ ਉਸਾਰੀ ਹਿੱਤ ਡਿਜਾਇਨ ਸਬੰਧੀ।**

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਪੰਜਾਬ ਦੇ ਬਹੁਤ ਸਾਰੇ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਰਕਾਰ ਦੀ ਵੱਖ-ਵੱਖ ਸਕੀਮਾਂ ਅਧੀਨ ਸਕੂਲਾਂ ਦੀ ਇਮਾਰਤਾਂ ਉਸਾਰਨ ਲਈ ਰਕਮ ਮੁਹੱਇਆ ਕਰਵਾਈ ਜਾਂਦੀ ਹੈ। ਇਹ ਰਕਮ ਸਿੱਖਿਆ ਵਿਭਾਗ ਤੋਂ ਇਲਾਵਾ ਪੰਚਾਇਤਾਂ ਵੱਲੋਂ, ਪੇਂਡੂ ਵਿਕਾਸ ਫੰਡ ਤੋਂ, ਐਮ.ਪੀ.ਲੈਡ ਫੰਡ ਤੋਂ, ਮਾਨਯੋਗ ਮੰਤਰੀ ਸਾਹਿਬਾਨ ਦੇ ਨਿੱਜੀ ਗਰਾਂਟ ਫੰਡ ਤੋਂ ਅਤੇ ਦਾਨੀ ਸਜੱਣਾਂ ਵੱਲੋਂ ਵੀ ਦਿੱਤੀ ਜਾਂਦੀ ਹੈ। ਇਸ ਰਕਮ ਨਾਲ ਸਕੂਲਾਂ ਵਿੱਚ ਕਮਰੇ ਤਾਂ ਉਸਾਰ ਲਈ ਜਾਂਦੇ ਹਨ ਪਰ ਸਕੂਲਾਂ ਦੀ ਓਗਰ ਆਲ ਦਿਖ ਸੁਧਾਰਨ ਲਈ ਕੋਈ ਕੰਪੋਜਿਟ ਬਿਲਡਿੰਗ ਉਸਾਰਨ ਲਈ ਬਹੁਤੇ ਉਪਰਾਲੇ ਨਹੀ ਕੀਤੇ ਜਾਂਦੇ।ਜਿਸ ਨੂੰ ਮੁੱਖ ਰੱਖਦੇ ਹੋਏ ਸਕੂਲਾਂ ਦੀਆਂ ਇਮਾਰਤਾਂ ਦੀ ਕੰਪੋਜਿਟ ਉਸਾਰੀ ਸਬੰਧੀ ਇਕ ਡਿਜਾਇਨ ਤਿਆਰ ਕੀਤਾ ਗਿਆ ਹੈ।

ਮੀਟਿੰਗ ਦੌਰਾਨ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਸਕੂਲਾਂ ਦੀਆਂ ਇਮਾਰਤਾਂ ਦੀ ਕੰਪੋਜਿਟ ਉਸਾਰੀ ਸਬੰਧੀ ਇੱਕ ਡਿਜਾਇਨ ਦਿਖਾਇਆ ਗਿਆ ਅਤੇ ਡਿਜਾਇਨ ਸਬੰਧੀ ਜਾਣਕਾਰੀ ਦਿੱਤੀ ਗਈ ਕਿ ਨਵੇਂ ਡਿਜਾਇਨ ਮੁਤਾਬਿਕ ਸਕੂਲ ਦੀ ਬਿਲਡਿੰਗ ਮਾਡਲ ਅਨੁਸਾਰ, ਜਿੰਨੀ ਰਕਮ ਉਪਲੱਬਧ ਹੈ ਉਨੀ ਹੀ ਬਣਾਈ ਜਾ ਸਕਦੀ ਹੈ ਅਤੇ ਇਸ ਡਿਜਾਇਨ ਅਨੁਸਾਰ ਬਾਅਦ ਵਿੱਚ ਫੰਡਾਂ ਦੀ ਉਪਲੱਬਧਤਾ ਮੁਤਾਬਿਕ ਅਤੇ ਸਕੂਲਾਂ ਦੀ ਲੋੜ ਅਨੁਸਾਰ ਹੋਰ ਕਮਰੇ ਕੰਪਜਿਟ ਕੰਪਲੈਕਸ ਵਿੱਚ ਉਸਾਰੇ ਜਾ ਸਕਦੇ ਹਨ।

ਜਿਲ੍ਹਾ ਸਿੱਖਿਆਂ ਅਫਸਰਾਂ ਦੀ ਸਲਾਹ ਅਨੁਸਾਰ ਇਹ ਫੈਸਲਾ ਕੀਤਾ ਗਿਆ ਕਿ ਜਿਥੇ ਕਿਤੇ ਸਕੂਲਾਂ ਪਾਸ ਯੋਗ ਫੰਡ ਉਕਤ ਦੱਸੇ ਵਸੀਲਿਆਂ ਤੋਂ ਉਪਲੱਬਧ ਹੋ ਜਾਣ ਤਾਂ ਉਹਨ੍ਹਾ ਸਕੂਲਾਂ ਦੀਆਂ ਬਣੀਆਂ ਪੁਰਾਣੀਆਂ ਇਮਾਰਤਾਂ ਦੀ ਥਾਂ ਕੰਪੋਜਿਟ ਮਾਡਲ ਮੁਤਾਬਿਕ ਉਸਾਰੀ ਕਰਵਾਉਣ ਹਿੱਤ ਉਪਰਾਲੇ ਕੀਤੇ ਜਾਣ।

**10.0 ਛੁੱਟੀ ਸਮੇਂ ਬਾਅਦ ਲੜਕੀਆਂ ਨੂੰ ਜਿੰਮੇਵਾਰੀ ਅਤੇ ਸੁਰੱਖਿਅਤ ਤਰੀਕੇ ਨਾਲ ਘਰਾਂ ਨੂੰ ਤੋਰਨ ਸਬੰਧੀ।**

ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਸਹਿ ਸਿੱਖਿਆ (ਕੋ-ਐਜੂਕੇਸ਼ਨ) ਅਤੇ ਲੜਕੀਆਂ ਦੇ ਸਕੂਲਾਂ ਵਿੱਚ ਛੁੱਟੀ ਸਮੇਂ ਲੜਕੀਆਂ ਨਾਲ ਛੇੜ-ਛਾੜ ਦੀਆਂ ਘਟਨਾਵਾਂ ਰੋਕਣ ਸਬੰਧੀ ਇਸ ਦਫਤਰ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਜਿਹਨ੍ਹਾਂ ਦੀ

ਪਾਲਣਾ ਯਕੀਨੀ ਬਣਾਈ ਜਾਵੇ ਅਤੇ ਇਸ ਸਬੰਧੀ ਲੋਕਲ ਪੱਧਰ ਤੇ ਪੁਲੀਸ ਨਾਲ ਸੁਚਾਰੂ ਤਾਲਮੇਲ ਰੱਖਿਆ ਜਾਵੇ।

11.0 **ਸਿੱਖਿਆ ਵਿਭਾਗ ਵਿੱਚ ਕੰਮ ਕਰਦੀਆਂ ਔਰਤ ਅਧਿਆਪਕਾਂ ਨਾਲ ਛੇੜ-ਛਾੜ ਦੀਆਂ ਘਟਨਾਵਾਂ ਨੂੰ ਰੋਕਣ ਬਾਰੇ।**

ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਸਿੱਖਿਆ ਵਿਭਾਗ ਵਿੱਚ ਵੱਡੀ ਗਿਣਤੀ ਵਿੱਚ ਅਧਿਆਪਕ ਔਰਤਾਂ ਹਨ, ਇਹਨ੍ਹਾਂ ਅਧਿਆਪਕਾਂ ਨੂੰ ਦੂਰ ਦੁਹਾਡੇ ਪਿੰਡਾਂ ਦੇ ਸਕੂਲਾਂ ਵਿੱਚ ਵੀ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਤਾਂ ਇਹ ਕਈ ਸਕੂਲਾਂ ਵਿੱਚ, ਖਾਸ ਕਰਕੇ ਪ੍ਰਾਇਮਰੀ ਸਕੂਲਾਂ ਵਿੱਚ, ਸਿੰਗਲ ਟੀਚਰ ਦੇ ਤੌਰ ਤੇ ਕੰਮ ਕਰ ਰਹੀਆਂ ਹਨ। ਇਹਨ੍ਹਾਂ ਔਰਤ ਅਧਿਆਪਕਾਂ ਨਾਲ ਸਕੂਲਾਂ/ਦਫਤਰਾਂ ਵਗੈਰਾ ਵਿੱਚ ਕਈ ਵਾਰ ਜਿਸਮਾਨੀ ਛੇੜ-ਛਾੜ ਜਾਂ ਮਾਨਸਿਕ ਰੂਪ ਵਿੱਚ ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਵਿਭਾਗ ਦੇ ਨੋਟਿਸ ਵਿੱਚ ਆਉਂਦੀਆਂ ਹਨ। ਅਜਿਹੀਆਂ ਘਟਨਾਵਾਂ ਸੱਭਿਅਕ ਸਮਾਜ ਤੇ ਕਲੰਕ ਹਨ, ਜਿਹਨ੍ਹਾਂ ਨੂੰ ਬੜੀ ਸਖਤੀ ਨਾਲ ਰੋਕਣ ਦੀ ਲੋੜ ਹੈ, ਇਸ ਸਬੰਧੀ ਦਫਤਰ ਵੱਲੋਂ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ। ਇਹਨ੍ਹਾਂ ਹਦਾਇਤਾਂ ਦਾ ਪਾਲਣਾ ਯਕੀਨੀ ਬਣਾਈ ਜਾਵੇ।

12.0 **ਸ਼ਿਕਾਇਤ ਨਿਵਾਰਣ ਸੈਲ (Grievance Redressal Cell)**

ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਅਤੇ ਕਰਮਚਾਰੀਆਂ ਦੇ ਮਸਲੇ ਕਈ ਵਾਰ ਲੰਬੇ ਸਮੇਂ ਤੱਕ ਸਿੱਖਿਆ ਵਿਭਾਗ ਦੇ ਸਰਕਾਰੀ ਦਫਤਰਾਂ ਵਿੱਚ ਲੰਬਿਤ ਪਏ ਰਹਿੰਦੇ ਹਨ ਜਿਹਨ੍ਹਾਂ ਨੂੰ ਹੱਲ ਕਰਵਾਉਣ ਲਈ ਇਹ ਕਰਮਚਾਰੀ ਗਾਹੇ ਬਿਗਾਹੇ ਦਫਤਰਾਂ ਦੇ ਗੇੜੇ ਮਾਰਦੇ ਰਹਿੰਦੇ ਹਨ, ਜਿਸ ਨਾਲ ਜਿਥੇ ਇਹਨ੍ਹਾਂ ਨੂੰ ਮਾਨਸਿਕ ਅਤੇ ਸਰੀਰਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਉਥੇ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਵੀ ਹੁੰਦਾ ਹੈ।ਇਸ ਲਈ ਦਫਤਰ ਵੱਲੋ Grievance Redressal Cell ਦੀ ਸਥਾਪਨਾ ਕੀਤੀ ਗਈ ਹੈ, ਜਿਸ ਰਾਹੀ ਕਰਮਚਾਰੀ/ਅਧਿਆਪਕ ਆਪਣੀ ਸ਼ਿਕਾਇਤ/ਤਕਲੀਫ ਵੈਬ ਸਾਈਟ ਰਾਹੀ ਭੇਜ ਸਕਦੇ ਹਨ ਤਾਂ ਜੋ ਇਹਨ੍ਹਾਂ ਨੂੰ ਹੱਲ ਕਰਵਾਉਣ ਹਿੱਤ ਉਪਰਾਲੇ ਕੀਤੇ ਜਾ ਸਕਣ।ਇਸ ਸਬੰਧੀ ਸਮੂਹ ਅਧਿਆਪਕਾਂ / ਕਰਮਚਾਰੀਆਂ ਨੂੰ ਜਾਣਕਾਰੀ ਦੇਣ ਲਈ ਕਿਹਾ ਗਿਆ।

13.0 **ਮੈਡੀਕਲ ਪੱਖੋ ਅਣਫਿਟ ਹੋ ਚੁੱਕੇ ਅਧਿਆਪਕਾਂ/ਕਰਮਚਾਰੀਆਂ ਸਬੰਧੀ।**

ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਕੁਝ ਅਧਿਆਪਕ/ਮੁਲਾਜਮ ਨੌਕਰੀ ਲੱਗਣ ਤੋਂ ਬਾਅਦ ਸਰੀਰਕ/ਮਾਨਸਿਕ ਤੌਰ ਤੇ ਪੜਾਉਣ ਤੋਂ ਅਸਮਰੱਥ ਅਤੇ ਮੈਡੀਕਲ ਪੱਖੋ ਅਣਫਿੱਟ ਹੋ ਚੁਕੇ ਹਨ ਪਰ ਉਹ ਅਜੇ ਵੀ ਸਕੂਲਾਂ ਵਿੱਚ ਅਧਿਆਪਨ ਦਾ ਕੰਮ ਕਰ ਰਹੇ ਹਨ। ਇਸ ਬਾਰੇ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਅਜਿਹੇ ਮੁਲਾਜਮਾਂ ਬਾਰੇ ਸੂਚਨਾਂ ਤੁਰੰਤ ਮੁਹਇਆ ਕਰਵਾਈ ਜਾਵੇ।

14.0 **ਸ਼ਰਾਬ-ਨੋਸ਼ੀ ਜਾਂ ਹੋਰ ਕੋਈ ਵੀ ਨਸ਼ਾ ਕਰਕੇ ਸਕੂਲ ਆਉਣ ਵਾਲੇ ਅਧਿਆਪਕਾਂ ਖਿਲਾਫ ਕਾਰਵਾਈ ਸਬੰਧੀ।**

ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਕੁਝ ਅਧਿਆਪਕ ਸਕੂਲ ਸਮੇਂ ਦੌਰਾਨ ਸ਼ਰਾਬ ਜਾਂ ਹੋਰ ਕੋਈ ਵੀ ਨਸ਼ਾ ਕਰਕੇ ਸਕੂਲ ਆਉਦੇ ਹਨ, ਜਿਹਨ੍ਹਾਂ ਸਬੰਧੀ ਸੂਚਨਾਂ ਦਫਤਰ ਨੂੰ ਜਨਤਾ ਵੱਲੋ ਪ੍ਰਾਪਤ ਹੁੰਦੀ ਹੈ। ਇਸ ਲਈ ਜੇਕਰ ਕੋਈ ਮੁਲਾਜਮ ਸ਼ਰਾਬ ਜਾਂ ਕੋਈ ਹੋਰ ਨਸ਼ਾ ਕਰਕੇ ਸਕੂਲ ਵਿੱਚ ਆਉਦਾ ਹੈ ਤਾਂ ਉਸ ਵਿਰੁਧ ਤੁਰੰਤ ਕਾਰਵਾਈ ਕੀਤੀ ਜਾਵੇ ਅਤੇ ਸੂਚਨਾਂ ਮੁੱਖ ਦਫਤਰ ਨੂੰ ਵੀ ਮੁਹੱਈਆ ਕਰਵਾਈ ਜਾਵੇ। ਇਸ ਸਬੰਧੀ ਦਫਤਰ ਵੱਲੋ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ।

## 15.0 ਗਾਈਡਾਂ ਰਾਹੀ ਵਿਦਿਆਰਥੀਆਂ ਨੂੰ ਪੜ੍ਹਾਉਣ ਸਬੰਧੀ।

ਮੀਟਿੰਗ ਦੌਰਾਨ ਸਮੂਹ ਜਿਲ੍ਹਾ ਸਿੱਖਿਆ ਅਫਸਰ ਨੂੰ ਕਿਹਾ ਗਿਆ ਕਿ ਉਹ ਇਹ ਯਕੀਨੀ ਬਣਾਉਣ ਕਿ ਸਕੂਲ ਵਿੱਚ ਕੋਈ ਵੀ ਅਧਿਆਪਕ ਗਾਇਡਾਂ ਦਾ ਇਸਤੇਮਾਲ ਨਾ ਕਰਦਾ ਹੋਵੇ, ਜੇਕਰ ਅਜਿਹਾ ਕੋਈ ਅਧਿਆਪਕ ਫੜਿਆ ਜਾਵੇ ਤਾਂ ਉਸ ਵਿਰੁਧ ਤੁਰੰਤ ਕਾਰਵਾਈ ਅਮਲ ਵਿੱਚ ਲਿਆਦੀ ਜਾਵੇ।

## 16.0 ਦਫਤਰੀ ਕੰਮ ਕਾਜ ਲਈ ਈ-ਮੇਲ ਦੀ ਵਰਤੋਂ ਸਬੰਧੀ।

ਮੀਟਿੰਗ ਦੌਰਾਨ ਵਿਚਾਰ ਕੀਤਾ ਗਿਆ ਕਿ ਹਾਲੇ ਵੀ ਕਈ ਜਿਲ੍ਹਾ ਸਿੱਖਿਆ ਦਫਤਰਾਂ ਜਾਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦਫ਼ਤਰਾਂ ਜਾਂ ਕਲਸਟਰ ਇੰਚਾਰਜਾਂ ਵੱਲੋ ਸਕੂਲਾਂ ਤੋ ਜਾਣਕਾਰੀ ਲੈਣ ਲਈ ਈ-ਮੇਲ ਦੇ ਨਾਲ-ਨਾਲ ਹਾਰਡ ਕਾਪੀ ਦੀ ਵੀ ਮੰਗ ਕੀਤੀ ਜਾਂਦੀ ਹੈ, ਜਿਸ ਨਾਲ ਜਿਥੇ ਸਕੂਲਾਂ ਵਿੱਚ ਪੜ੍ਹਾਈ ਤੇ ਅਸਰ ਪੈਦਾ ਹੈ ਉਥੇ ਪੇਪਰ ਦੀ ਦੁਰਵਰਤੋਂ ਵੀ ਹੁੰਦੀ ਹੈ। ਇਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਦਫਤਰ ਵੱਲੋ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

## 17.0 ਅਣ-ਅਧਿਕਾਰਤ ਤੌਰ ਤੇ ਡਿਊਟੀ ਤੋਂ ਗੈਰ ਹਾਜਰ ਅਧਿਕਾਰੀਆਂ/ਕਰਮਚਾਰੀਆਂ ਨੂੰ ਸੇਵਾ ਤੋਂ ਡਿਸਮਿਸਲ/ਰਿਮੂਵਲ ਕਰਨ ਸਬੰਧੀ ਫੈਸਲੇ ਬਾਰੇ।

ਮੀਟਿੰਗ ਵਿੱਚ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀ -2 ਸ਼ਾਖਾ) ਵੱਲੋ ਜਾਰੀ ਹਦਾਇਤਾਂ ਸਬੰਧੀ ਵਿਚਾਰ ਕੀਤਾ ਗਿਆ ਕਿ ਸਰਕਾਰ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਕਿਸੇ ਵੀ ਗੈਰ-ਹਾਜਰ ਕਰਮਚਾਰੀ ਨੂੰ ਸਮਰੱਥ ਅਧਿਕਾਰੀ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਹਾਜਰ ਨਾ ਕਰਵਾਇਆ ਜਾਵੇ। ਇਸ ਸਬੰਧੀ ਦਫਤਰ ਵੱਲੋ ਪੱਤਰ ਵੀ ਜਾਰੀ ਕੀਤਾ ਗਿਆ ਹੈ।

## 18.0 ਸਰਕਾਰੀ ਸਕੂਲਾਂ ਵਿੱਚ ਵਿਦਿਅਕ ਗਤੀਵਿਧੀਆਂ ਨੂੰ ਹੋਰ ਸਾਰਥਕ ਬਣਾਉਣ ਲਈ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਬਾਰੇ ਕਿਤਾਬਚਾ ਜਾਰੀ ਕਰਨ ਹਿੱਤ।

ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਆਪ ਦੇ ਜਿਲ੍ਹੇ ਅੰਦਰ ਜੇਕਰ ਕਿਸੇ ਸਕੂਲ ਵੱਲੋਂ ਵਿੱਦਿਆ ਦੇ ਉਥਾਨ ਹਿੱਤ ਕੋਈ ਖਾਸ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਉਸ ਸਕੂਲ ਅਧਿਆਪਕ/ਸਕੂਲ ਮੁਖੀ ਵੱਲੋਂ ਇਸ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਇਕ ਨੋਟ ਬਣਾਕੇ ਇਸ ਦਫਤਰ ਨੂੰ ਭੇਜਿਆ ਜਾਵੇ ਤਾਂ ਜੋ ਅਜਿਹੇ ਸਾਰੇ ਉਪਰਾਲਿਆਂ ਨੂੰ ਇੱਕ ਕਿਤਾਬਚੇ ਦੀ ਸਕਲ ਦਿੱਤੀ ਜਾ ਸਕੇ। ਇਹ ਨੋਟ ਭੇਜਣ ਸਮੇਂ ਉਸ ਉਪਰਾਲੇ ਨਾਲ ਸਬੰਧਤ ਫੋਟੋਆਂ, ਦਸਤਾਵੇਜ ਆਦਿ ਵੀ ਭੇਜੇ ਜਾਣ, ਜਿਸ ਸਬੰਧੀ ਵੇਰਵਾ ਵਿਭਾਗ ਦੀ ਵੈਬਸਾਇਟ ਤੇ ਉਪਲਭਧ ਕਰਵਾਇਆ ਜਾਵੇਗਾ। ਇਸ ਸਬੰਧੀ ਦਫਤਰ ਵੱਲੋ ਪੱਤਰ ਵੀ ਜਾਰੀ ਕੀਤਾ ਗਿਆ ਹੈ।

## 19.0 epunjabschool.gov.in ਵੈਬ-ਪੋਰਟਲ ਸਬੰਧੀ।

ਮੀਟਿੰਗ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਦਫਤਰ ਵੱਲੋਂ ਈ-ਪੰਜਾਬ ਸਕੂਲ GIS-MIS Web Portal ਤਿਆਰ ਕੀਤਾ ਗਿਆ ਹੈ ਕਿ ਜਿਸ ਤੇ ਹਾਲ ਦੀ ਘੜੀ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲਾਂ ਦਾ ਡਾਟਾ ਮਿਤੀ 30.11.2012 ਤੱਕ ਫੀਡ ਕੀਤਾ ਜਾਣਾ ਸੀ, ਪਰ ਕੁਝ ਜਿਲ੍ਹਿਆਂ ਵੱਲੋਂ ਇਹ ਡਾਟਾ ਹਲੇ ਤੱਕ ਫੀਡ ਨਹੀ ਕੀਤਾ ਗਿਆ। ਇਸ ਲਈ ਜਿਹੜੇ ਜਿਲ੍ਹਿਆਂ ਵੱਲੋ ਹਾਲੇ ਤੱਕ ਸਕੂਲਾਂ ਦੀ ਸੂਚਨਾਂ ਵੈਬ ਪੋਰਟਲ ਤੇ ਨਹੀ ਫੀਡ ਕੀਤੀ ਗਈ ਉਹ ਇਸ ਨੂੰ ਤੁਰੰਤ ਮੁਕੰਮਲ ਕਰਵਾਉਣ। ਕਈ ਜਿਲ੍ਹਿਆਂ ਵੱਲੋ ਇਸ ਵੈਬ ਪੋਰਟਲ ਤੇ ਸਕੂਲਾਂ ਵੱਲੋਂ ਫੀਡ ਡਾਟੇ ਦੀਆਂ ਰਿਪੋਰਟਾਂ ਨੂੰ ਵੇਖਣ ਉਪਰੰਤ ਇਹ ਧਿਆਨ ਵਿੱਚ ਆਇਆ ਕਿ E-Punjab School GIS-MIS ਦੀ Website ਤੇ ਸਕੂਲਾਂ ਦੇ ਭਰੇ ਗਏ ਡਾਟੇ ਵਿੱਚ ਕੁੱਝ ਊਣਤਾਈਆਂ ਹਨ, ਇਨ੍ਹਾਂ ਊਣਤਾਈਆਂ ਨੂੰ ਦੂਰ ਕਰਨ ਅਤੇ ਬਾਅਦ ਵਿੱਚ ਜੇਕਰ ਫੀਡ ਕੀਤੇ ਡਾਟਾ ਵਿੱਚ ਕੋਈ ਊਣਤਾਈ ਪਾਈ ਜਾਂਦੀ ਹੈ ਤਾਂ ਇਸ ਦੀ ਸਾਰੀ ਜਿਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਕੰਪਿਊਟਰ ਅਧਿਆਪਕ ਦੀ ਹੋਵੇਗੀ।

## 20.0 U-DISE Survey 2012-13

U-DISE Survey ਪੰਜਾਬ ਰਾਜ ਦੇ ਸਾਰੇ ਜਿਲ੍ਹਿਆਂ ਵਿਚ ਸਕੂਲਾਂ ਤੋਂ ਆਂਕੜੇ ਇਕੱਤਰ ਕਰਨ ਲਈ ਕਰਵਾਇਆ ਜਾ ਰਿਹਾ ਹੈ। ਸਕੂਲਾਂ ਤੋਂ ਪ੍ਰਫਾਰਮੇਂ ਭਰਵਾਉਣ ਲਈ ਜਿਲ੍ਹਿਆਂ ਨੂੰ ਮਿਤੀ 25-10-2012 ਤੱਕ ਦਾ ਸਮਾਂ ਦਿੱਤਾ ਗਿਆ ਸੀ। ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਮਿਤੀ 30-10-2012 ਤੋਂ ਪਹਿਲਾਂ ਪਹਿਲਾਂ ਸਾਰੇ ਸਕੂਲਾਂ ਤੋਂ ਪ੍ਰਫਾਰਮੇਂ ਭਰਾ ਲੈਣ ਅਤੇ ਸਬੰਧਤ ਕੰਪੋਨੈਂਟ ਜਿਵੇਂ ਕਿ ਸਿਵਲ, ਫਾਇਨਾਂਸ, ਜੈਂਡਰ, ਮਿਡ-ਡੇ-ਮੀਲ ਆਦਿ ਤੋਂ ਇਨ੍ਹਾਂ ਪ੍ਰਫਾਮਿਆਂ ਨੂੰ ਚੈਕ ਵੀ ਕਰਵਾ ਲੈਣ ਤਾਂ ਜੋ ਸਲਾਨਾ ਪਲਾਨ ਬਨਾਉਣ ਸਮੇਂ ਕਿਸੇ ਵੀ ਕਿਸਮ ਦੀ ਔਕੜ ਪੇਸ਼ ਨਾ ਆਵੇ। ਪਰ ਕੁਝ ਜਿਲ੍ਹਿਆਂ ਵੱਲੋਂ ਇਕੱਤਰ ਕੀਤੇ ਆਂਕੜੇ ਵਿੱਚ ਕੁਝ ਖਾਮੀਆਂ ਪਾਈਆਂ ਗਈ ਹਨ, ਇਸ ਲਈ ਸੂਮਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ ਇਕ ਵਾਰੀ ਇਕੱਤਰ ਕੀਤੇ ਗਏ ਆਂਕੜੇ ਨੂੰ ਘੋਖ ਲੈਣ ਤਾਂ ਜੋ ਇਕੱਤਰ ਕੀਤੇ ਗਏ ਆਂਕੜੇ ਸਹੀ ਹੋਣ।

## 21.0 ਜਿਲ੍ਹਾ ਸਿੱਖਿਆ ਅਫਸਰ ਦੇ ਦਫ਼ਤਰਾਂ ਵਿੱਚ ਲੋੜੀਦੀਆਂ ਸਹੂਲਤਾਂ ਦੇਣ ਸਬੰਧੀ

ਮੀਟਿੰਗ ਵਿੱਚ ਜ਼ਿਲਾ ਸਿੱਖਿਆ ਅਫਸਰ (ਸੈ.ਸਿ) ਨੂੰ ਕਿਹਾ ਗਿਆ ਕਿ ਆਰ.ਐਮ.ਐਸ.ਏ ਅਧੀਨ ਸਮੂਹ ਜਿਲ੍ਹਾ ਸਿੱਖਿਆ ਦਫਤਰਾਂ ਨੂੰ 2-2 ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰ ਦਿੱਤੀ ਗਈ ਹੈ ਜਿਸ ਨਾਲ ਉਹ ਲੋੜ ਮੁਤਾਬਿਕ ਪ੍ਰੋਜੈਕਟ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਸਤੇਮਾਲ ਕਰ ਸਕਦੇ ਹਨ, ਇਸੇ ਤਰ੍ਹਾਂ ਜਿਲ੍ਹਾਂ ਸਿੱਖਿਆ ਅਫਸਰ (ਐ.ਸਿ), ਇਹ ਰਕਮ ਐਸ.ਐਸ.ਏ ਦੀ ਮੈਨੇਜਮੈਂਟ ਫੰਡਾਂ ਵਿਚੋਂ, ਇਸ ਸਬੰਧੀ ਹਦਾਇਤਾਂ ਮੁਤਾਬਿਕ ਖਰਚ ਕਰ ਸਕਦੇ ਹਨ।

## 22.0 ਰਾਜ ਵਿਚ ਸਰਕਾਰੀ ਸਕੂਲਾਂ ਵਿੱਚ ਪੜਦੇ ਸਾਇੰਸ ਅਤੇ ਮੈਥ ਵਿਸ਼ੇ ਦੇ ਹੁਸ਼ਿਆਰ ਵਿਦਿਆਰਥੀਆਂ ਸਬੰਧੀ।

ਰਾਜ ਦੇ ਸਰਕਾਰੀ ਸਕੂਲਾਂ ਦੇ +2 ਜਮਾਤ ਦੇ ਮੈਡੀਕਲ ਅਤੇ ਨਾਨ-ਮੈਡੀਕਲ ਦੇ ਹੁਸ਼ਿਆਰ ਬੱਚਿਆਂ ਨੂੰ ਜ਼ਿਲ੍ਹਾ ਪੱਧਰ ਤੇ ਟ੍ਰੇਨਿੰਗ ਕਰਵਾਈ ਜਾਵੇ। ਜਿਸ ਲਈ ਸਮੂਹ ਜ਼ਿਲ੍ਹਿਆਂ ਵਿੱਚੋਂ ਲਗਭਗ 1000 ਹੁਸ਼ਿਆਰ ਵਿਦਿਆਰਥੀਆਂ ਦੀਆਂ ਸੂਚੀਆਂ ਦਫ਼ਤਰ ਨੂੰ ਪ੍ਰਾਪਤ ਹੋ ਚੁੱਕੀਆਂ ਹਨ ਅਤੇ ਇਹਨ੍ਹਾਂ ਨੂੰ ਟ੍ਰੇਨਿੰਗ ਦੇਣ ਲਈ ਜੇਕਰ ਜਰੂਰਤ ਹੋਵੇ ਤਾਂ ਪ੍ਰਾਈਵੇਟ ਟ੍ਰੇਨਰਾਂ ਜਾਂ ਵਿਸ਼ਾ ਮਾਹਿਰਾਂ ਦੀ ਸਹਾਇਤਾ ਵੀ ਲਈ ਜਾ ਸਕਦੀ ਹੈ ਅਤੇ ਸਮੂਹ ਜਿਲ੍ਹਿਆਂ ਵਿੱਚ ਮੋਬਾਇਲ ਸਾਇੰਸ ਲੈਬ ਪ੍ਰਦਾਨ ਕਰਨ ਅਤੇ ਹਰ ਜਿਲ੍ਹੇ ਵਿੱਚ 2500 Sq.ft ਜਗਾਂ ਵੀ ਮੁਹਇਆ ਕਰਵਾਉਣ ਦੇ ਵਿਚਾਰ ਕੀਤਾ ਗਿਆ।

## 23.0 ਵਿਦਿਆਰਥੀਆਂ ਦਾ ਬੇਸਲਾਈਨ ਮੁਲਾਂਕਣ ਸਬੰਧੀ।

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਰਾਜ ਦੇ ਸਰਕਾਰੀ ਮਿਡਲ/ਹਾਈ/ਸੀ.ਸੈਕੰਡਰੀ ਸਕੂਲਾਂ ਵਿੱਚ ਪੜ੍ਹਦੇ ਛੇਵੀਂ, ਸੱਤਵੀਂ ਅਤੇ ਅੱਠਵੀਂ ਦੇ ਵਿਦਿਆਰਥੀਆਂ ਦਾ ਸਾਇੰਸ, ਅੰਗਰੇਜੀ, ਮੈਥ ਅਤੇ ਐਸ.ਐਸ ਵਿਸ਼ੇ ਵਿੱਚ ਬੇਸਲਾਈਨ ਮੁਲਾਂਕਣ ਕੀਤਾ ਜਾਵੇ। ਇਸ ਬੇਸਲਾਈਨ ਮੁਲਾਂਕਣ ਵਿੱਚ ਇਹ ਨਿਰਧਾਰਿਤ ਕੀਤਾ ਜਾਵੇ ਕਿ ਵਿਦਿਆਰਥੀ ਕਿਹੜੇ ਲੈਵਲ ਉਤੇ ਹਨ ਤਾਂ ਜੋ ਕਮਜੋਰ ਵਿਦਿਆਰਥੀਆਂ ਉਤੇ ਖਾਸ ਧਿਆਨ ਦੇਕੇ ਉਨ੍ਹਾਂ ਨੂੰ ਲੋੜੀਦੀਆਂ ਕ੍ਰਿਆਵਾਂ ਕਰਨ ਦੇ ਸਮਰੱਥ ਬਣਾਇਆ ਜਾ ਸਕੇ। ਇਸ ਸਬੰਧੀ ਦਫਤਰ ਵੱਲੋ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ ਗਈਆਂ ਹਨ।

## 24.0 ਐਸ.ਐਲ.ਏ ਦੀਆਂ ਪੋਸ਼ਟਾਂ ਨੂੰ ਤਰਕਯੁਕਤ ਕਰਨ ਸਬੰਧੀ।

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਸਮੂਹ ਜਿਲ੍ਹਿਆਂ ਵਿੱਚ ਸਕੂਲਾਂ ਵਿੱਚ ਸੀਨੀਅਰ ਲੈਬ ਅਟੈਂਡਟ ਦੀਆਂ ਅਸਾਮੀਆਂ ਨੂੰ ਤਰਕਯੁਕਤ ਕਰਨ ਦੀ ਲੋੜ ਹੈ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ